# Prime Minister’s participation in the 14th BRICS Summit

June 21, 2022

..........................

## 14ਵੇਂ ਬ੍ਰਿਕਸ ਸੰਮੇਲਨ ਵਿੱਚ ਪ੍ਰਧਾਨ ਮੰਤਰੀ ਨੇ ਕੀਤੀ ਸ਼ਮੂਲੀਅਤ

### 21 ਜੂਨ, 2022

1. ਰਾਸ਼ਟਰਪਤੀ ਸ਼ੀ ਜਿਨਪਿੰਗ ਦੇ ਸੱਦੇ 'ਤੇ ਪ੍ਰਧਾਨ ਮੰਤਰੀ ਸ਼੍ਰੀ ਨਰਿੰਦਰ ਮੋਦੀ 23-24 ਜੂਨ, 2022 ਤੱਕ ਵਰਚੁਅਲ ਫਾਰਮੈਟ ਵਿੱਚ ਚੀਨ ਦੁਆਰਾ ਕਰਾਏ ਜਾਣ ਵਾਲੇ 14ਵੇਂ ਬ੍ਰਿਕਸ ਸੰਮੇਲਨ ਵਿੱਚ ਸ਼ਾਮਲ ਹੋਣਗੇ। ਇਸ ਮੌਕੇ 24 ਜੂਨ ਨੂੰ ਮਹਿਮਾਨ ਦੇਸ਼ਾਂ ਦੇ ਨਾਲ ਆਲਮੀ ਘਟਨਾਕ੍ਰਮ ਬਾਰੇ ਹੋਣ ਵਾਲੀ ਉੱਚ ਪੱਧਰੀ ਗੱਲਬਾਤ ਵੀ ਸ਼ਾਮਲ ਹੈ।

2. ਬ੍ਰਿਕਸ ਸਾਰੇ ਵਿਕਾਸਸ਼ੀਲ ਦੇਸ਼ਾਂ ਲਈ ਸਾਂਝੀਆਂ ਚਿੰਤਾਵਾਂ ਦੇ ਮੁੱਦਿਆਂ 'ਤੇ ਚਰਚਾ ਅਤੇ ਵਿਚਾਰ-ਵਟਾਂਦਰਾ ਕਰਨ ਦਾ ਮੰਚ ਬਣ ਗਿਆ ਹੈ। ਬ੍ਰਿਕਸ ਦੇਸ਼ਾਂ ਨੇ ਬਕਾਇਦਾ ਤੌਰ 'ਤੇ ਬਹੁਪੱਖੀ ਪ੍ਰਣਾਲੀ ਨੂੰ ਹੋਰ ਸਮਾਵੇਸ਼ੀ ਬਣਾਉਣ ਲਈ ਇਸ ਵਿੱਚ ਸੁਧਾਰ ਕੀਤੇ ਜਾਣ ਦੀ ਮੰਗ ਕੀਤੀ ਹੈ।

3. 14ਵੇਂ ਬ੍ਰਿਕਸ ਸੰਮੇਲਨ ਦੌਰਾਨ ਹੋਣ ਵਾਲੇ ਵਿਚਾਰ-ਵਟਾਂਦਰੇ ਵਿੱਚ ਅੱਤਵਾਦ ਦਾ ਮੁਕਾਬਲਾ ਕਰਨ, ਵਪਾਰ, ਸਿਹਤ, ਪਰੰਪਰਾਗਤ ਦਵਾਈਆਂ, ਵਾਤਾਵਰਣ, ਵਿਗਿਆਨ,  ਟੈਕਨੋਲੋਜੀ ਅਤੇ ਨਵੀਨਤਾ, ਖੇਤੀਬਾੜੀ, ਤਕਨੀਕੀ ਅਤੇ ਵੋਕੇਸ਼ਨਲ ਸਿੱਖਿਆ ਅਤੇ ਸਿਖਲਾਈ, ਅਤੇ MSME ਵਰਗੇ ਖੇਤਰਾਂ ਵਿੱਚ ਬ੍ਰਿਕਸ ਅੰਦਰਲੇ ਸਹਿਯੋਗ ਨੂੰ ਕਵਰ ਕੀਤਤੇ ਜਾਣ  ਦੀ ਉਮੀਦ ਹੈ। ਬਹੁ-ਪੱਖੀ ਪ੍ਰਣਾਲੀ ਵਿੱਚ ਸੁਧਾਰ, ਕੋਵਿਡ-19 ਮਹਾਂਮਾਰੀ ਦਾ ਮੁਕਾਬਲਾ ਕਰਨ ਅਤੇ ਆਲਮੀ ਆਰਥਿਕ ਬਹਾਲੀ ਵਰਗੇ ਮੁੱਦਿਆਂ 'ਤੇ ਵੀ ਚਰਚਾ ਹੋਣ ਦੀ ਸੰਭਾਵਨਾ ਹੈ।

4. ਸਿਖਰ ਸੰਮੇਲਨ ਤੋਂ ਪਹਿਲਾਂ ਪ੍ਰਧਾਨ ਮੰਤਰੀ 22 ਜੂਨ, 2022 ਨੂੰ ਬ੍ਰਿਕਸ ਵਪਾਰ ਫੋਰਮ ਦੇ ਉਦਘਾਟਨੀ ਸਮਾਰੋਹ ਵਿੱਚ ਰਿਕਾਰਡ ਕੀਤੇ ਗਏ ਆਪਣੇ ਮੁੱਖ ਭਾਸ਼ਣ ਰਾਹੀਂ ਭਾਗ ਲੈਣਗੇ।

ਨਵੀਂ ਦਿੱਲੀ

21 ਜੂਨ 2022

DISCLAIMER: This is an approximate translation. The original is available in English on MEA’s website and may be referred to as the official press release.